# 'ਰਸੀਦੀ ਟਿਕਟ' ਦਾ ਸਮਾਜਕ ਤੇ ਸਭਿਆਚਾਰਕ ਸੰਦਰਭ

ਡਾ. ਹਰਮੀਤ ਕੌਰ*

ਮਨੁੱਖ ਨੇ ਇਸ ਸਮਾਜ ਨੂੰ ਆਪਣੇ ਹੱਥੀਂ ਸਿਰਜਿਆ, ਇਸ ਦੇ ਸੰਦਰਭਾਂ, ਰੀਤੀ ਰਿਵਾਜਾਂ, ਪਰੰਪਰਾਵਾਂ, ਸੱਭਿਆਚਾਰ ਨੂੰ ਵੀ ਤੇ ਫਿਰ ਆਪ ਹੀ ਉਸਾਰੀ ਇਸ ਦੇ ਵਿਰੋਧਾਭਾਸ ਵਿਚ ਇੱਕ ਨਵੀਂ ਚੇਤਨਾ, ਨਵੀਂ ਸੋਚ ਜੋ ਸੀ, ਸਵੈ ਦੀ ਪਹਿਚਾਣ। ਇਸ ਨਵੀਂ ਸੋਚ ਵਾਲੀ ਪੀੜ੍ਹੀ ਜੋ ਵਿਸ਼ਵੀਕਰਨ ਦੀ ਸੋਚ ਤੋਂ ਪ੍ਰਭਾਵਿਤ ਸੀ , ਆਪਣੀ ਨਵੀਂ ਪਹਿਚਾਣ ਬਨਾਉਣ ਵੱਲ ਅਗਰਸਰ ਸੀ। ਤੇ ਇਸ ਨਵੀਂ ਸੋਚ ਵਾਲੀ ਪੀੜ੍ਹੀ ਨੇ ਆਪਣੇ ਪਰੰਪਰਕ ਮਾਪਦੰਡਾਂ ਤੇ ਸਭਿਆਚਾਰਕ ਸੰਦਰਭਾਂ ਨੂੰ ਅੱਖੋਂ ਓਹਲੇ ਕਰਨਾ ਸ਼ੁਰੂ ਕਰ ਦਿੱਤਾ। ਇਹ ਸਰਮਾਏਦਾਰੀ ਸੋਚ ਦੇ ਅਧੀਨ ਆਪਣੇ ਆਪ ਲਈ ਲੜਦੀ ਆਪਣੀਆਂ ਨਵੀਆਂ ਕਦਰਾਂ ਕੀਮਤਾਂ ਰਚਦੀ ਤੇ ਨਵੀਂ ਪਹਿਚਾਣ ਬਣਾਉਂਦੀ ਹੈ। ਉਸ ਪਰੰਪਰਕ ਸੋਚ ਦੀ ਉਪਜ ਵਿਚ ਜੰਮੀ ਪਲੀ ਅੰਮ੍ਰਿਤਾ ਪ੍ਰੀਤਮ ਕਿਸੇ ਤਾਅਰੁਫ਼ ਦੀ ਮੁਹਤਾਜ਼ ਨਹੀਂ । ਉਹ ਪੰਜਾਬੀ ਦੀ ਉੱਘੀ ਕਵਿਤਰੀ ਵੱਜੋਂ ਸਾਡੇ ਸਾਹਮਣੇ ਆਉਂਦੀ ਹੈ। ਉਹ ਉਸ ਸਮੇਂ ਦੀਆਂ ਕਦਰਾਂ ਕੀਮਤਾਂ ਨੂੰ ਅੱਖੋਂ ਓਹਲੇ ਕਰਦਿਆਂ ਆਪਣੇ ਦਿਲ ਤੇ ਆਪਣੇ ਸੁਪਨਿਆਂ 'ਚ ਸਿਰਜੇ ਸੰਸਾਰ ਨੂੰ ਮੂਰਤੀਮਾਨ ਕਰਦੀ ਹੈ। ਉਹ ਆਪਣੀਆਂ ਕਲਪਨਾਵਾਂ ਵਿਚ ਸਿਰਜਤ ਸੁਪਨਿਆਂ ਨੂੰ ਸਾਕਾਰ ਰੂਪ ਵਿਚ ਜਿਉਂਦੀ ਤੇ ਹੰਡਾਉਂਦੀ ਹੈ।

ਅੰਮ੍ਰਿਤਾ ਪ੍ਰੀਤਮ ਇੱਕ ਪੰਜਾਬੀ ਲੇਖਕ, ਕਵਿਤਰੀ, ਨਾਵਲਕਾਰ, ਕਹਾਣੀਕਾਰ ਅਤੇ ਵਾਰਤਕਕਾਰ ਸੀ। ਉਸਨੇ ਆਪਣੇ ਜੀਵਨ ਕਾਲ ਵਿਚ 100 ਤੋਂ ਵੱਧ ਪੁਸਤਕਾਂ ਲਿਖੀਆਂ। ਅੰਮ੍ਰਿਤਾ ਕਈ ਭਾਸ਼ਾਵਾਂ ਦੀ ਮਾਹਿਰ ਸੀ। ਉਸਦਾ ਬਚਪਨ ਲਾਹੌਰ ਵਿਖੇ ਗੁਜ਼ਰਿਆ ਅਤੇ ਸਿੱਖਿਆ ਵੀ ਉਥੇ ਹੀ ਪ੍ਰਾਪਤ ਹੋਈ। ਬਹੁਤ ਹੀ ਛੋਟੀ ਉਮਰ ਤੋਂ ਆਪਣੇ ਪਿਤਾ ਦੀ ਰਹਿਨੁਮਾਈ ਹੇਠ ਉਸਨੇ ਸਾਹਿਤ ਲਿਖਣਾ ਸ਼ੁਰੂ ਕਰ ਦਿੱਤਾ ਸੀ। ਅੰਮ੍ਰਿਤਾ ਪ੍ਰੀਤਮ ਨੇ ਹੋਰਨਾਂ ਸਾਹਿਤਕ ਵਿਧਾਵਾਂ ਤੋਂ ਇਲਾਵਾ ਆਪਣੀ ਸਵੈ-ਜੀਵਨੀ ਵੀ ਜਿਸਦਾ ਨਾਮ ਉਸਨੇ 'ਰਸੀਦੀ ਟਿਕਟ' ਰੱਖਿਆ , ਸਵੈ-ਜੀਵਨੀ ਬਾਰੇ ਉਹ ਇਸ ਤਰ੍ਹਾਂ ਬਿਆਨ ਕਰਦੀ ਹੈ :

*" ਸਵੈ-ਜੀਵਨੀ ਨੂੰ ਅਕਸਰ ਚਿਲਕਦੀ ਚਮਕਦੀ ਸਚਾਈ ਸਮਝਿਆ ਜਾਂਦਾ ਹੈ – ਸਵੈ-ਸ਼ਲਾਘਾ ਦਾ ਹੁਨਰੀ ਮਾਧਿਅਮ। ਪਰ ਬੁਨਿਆਦੀ ਸਚਾਈ ਨੂੰ ਲੇਖਕ ਦੀ ਆਪਣੀ ਲੋੜ ਮੰਨ ਕੇ ਮੈਂ ਆਖਣਾ ਚਾਹਵਾਂਗੀ – ਇਹ ਯਥਾਰਥ ਤੋਂ ਯਥਾਰਥ ਤੱਕ ਪਹੁੰਚਣ ਦਾ ਅਮਲ ਹੈ।".........ਨਾਵਲ ਕਹਾਣੀ ਦਾ ਪਾਠਕ, ਪਾਤਰਾਂ ਵਿਚੋਂ ਮੂੰਹਾਂ ਨੂੰ ਕਿਆਸਦਾ ਹੈ, ਉਨ੍ਹਾਂ ਦੇ ਦਿਲਾਂ ਦੀ ਹਲਚਲਨਤੋਂ ਉਨ੍ਹਾਂ ਦੇ ਨਕਸ਼ ਚਿਤਵਦਾ ਹੈ ਪਰ ਕਿਸੇ ਦੀ ਸਵੈ-ਜੀਵਨੀ ਦਾ ਪਾਠਕ ਆਪਣਾ ਸਾਰਾ ਧਿਆਨ ਇੱਕੋ ਤੇ ਜਾਣੇ ਹੋਏ ਮੂੰਹ ਉੱਤੇ ਕੇਂਦਰਿਤ ਕਰਦਾ ਹੈ। ਇਹਦੇ ਵਿਚ ਲੇਖਕ ਤੇ ਪਾਠਕ ਸਨਮੁਖ ਹੁੰਦੇ ਹਨ। ਇਹ ਲੇਖਕ ਦਾ ਆਪਣੇ ਘਰ ਵਿਚ ਪਾਠਕ ਨੂੰ ਨਿੱਜੀ ਬੁਲਾਵਾ ਹੁੰਦਾ- ਸੰਗ ਸੰਕੋਚ ਦੀ ਦਹਿਲੀਜ਼ ਦੇ ਅੰਦਰਵਾਰ।* (ਰਸੀਦੀ ਟਿਕਟ, ਪੰਨਾ, 100)

---

* *ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਦਿਆਲ ਸਿੰਘ ਕਾਲਜ, ਲੋਧੀ ਰੋਡ ਦਿੱਲੀ।*

ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ 'ਰਸੀਦੀ ਟਿਕਟ' ਨੂੰ ਪੰਜਾਬੀ ਸਾਹਿਤ ਜਗਤ ਦੀਆਂ ਕੁੱਝ ਕੁ ਮੁੱਢਲੀਆਂ ਸਵੈ-ਜੀਵਨੀਆਂ ਵਿਚ ਗਿਣਿਆ ਜਾਂਦਾ ਹੈ। 'ਰਸੀਦੀ ਟਿਕਟ' ਵਿਚ ਅੰਮ੍ਰਿਤਾ ਪ੍ਰੀਤਮ ਦੇ ਦਿਲ ਦੀਆਂ ਉਹ ਗੱਲਾਂ ਜੋ ਛੁਪ-ਛੁਪਾਤੇ ਉਸ ਦੇ ਮਨ ਦੇ ਚੌਗਿਰਦੇ ਵਿਚ ਵਸੀਆਂ ਪਈਆਂ ਸਨ ਉਹਨਾਂ ਨੂੰ ਆਪਣੀ ਇਸ ਸਵੈ-ਜੀਵਨੀ ਵਿਚ ਖੋਲ੍ਹਣ ਦਾ ਉਪਰਾਲਾ ਕੀਤਾ ਹੈ। ਉਸਨੇ ਆਪਣੀ ਸਵੈ-ਜੀਵਨੀ ਵਿਚ ਨੌਂ ਵਾਰੀ ਸੰਸ਼ੋਧਨ ਕੀਤਾ ਕੁੱਝ ਗੱਲਾਂ ਜੋ ਉਸਨੂੰ ਵਾਧੂ ਜਾਪੀਆਂ ਜਾਂ ਉਨ੍ਹਾਂ ਦਾ ਵਕਤੀ ਮੁੱਲ ਨਹੀਂ ਸੀ ਰਹਿ ਗਿਆ ਉਹ ਹਟਾ ਦਿੱਤੀਆਂ, ਅਸੀਂ ਅੰਮ੍ਰਿਤਾ ਦੀ ਨੌਂਵੀਂ ਛਪੀ ਐਡੀਸਨ ਨੂੰ ਆਪਣੇ ਪੇਪਰ ਦੀ ਸੇਧ ਦਾ ਆਧਾਰ ਬਣਾਇਆ ਹੈ। ਅੰਮ੍ਰਿਤਾ ਆਪਣੀ ਸਵੈ-ਜੀਵਨੀ ਦਾ ਨਾਮ 'ਰਸੀਦੀ ਟਿਕਟ' ਰੱਖੇ ਜਾਣ ਬਾਰੇ ਇੱਕ ਬਹੁਤ ਦਿਲਚਸਪ ਕਿੱਸਾ ਸੁਣਾਉਂਦੀ ਹੈ –

*'ਇਕ ਦਿਨ ਖੁਸਵੰਤ ਸਿੰਘ ਨੇ ਗੱਲਾਂ ਕਰਦਿਆਂ ਕਿਹਾ ਸੀ, " ਤੇਰੀ ਜੀਵਨੀ ਦਾ ਕੀ ਹੈ, ਬਸ ਇਕ ਅੱਧ ਹਾਦਸਾ, ਲਿਖਣ ਲੱਗੋ ਤਾਂ ਰਸੀਦੀ ਟਿਕਟ ਦੀ ਪਿੱਠ ਉੱਤੇ ਲਿਖੀ ਜਾਏ।" ਰਸੀਦੀ ਟਿਕਟ ਸ਼ਾਇਦ ਇਸ ਲਈ ਆਖਿਆ ਕਿ ਬਾਕੀ ਟਿਕਟਾਂ ਦਾ ਸਾਇਜ ਬਦਲਦਾ ਰਹਿੰਦਾ ਹੈ, ਪਰ ਰਸੀਦੀ ਟਿਕਟ ਦਾ ਉਹੀ ਨਿੱਕਾ ਜਿਹਾ ਰਹਿੰਦਾ ਹੈ। ਠੀਕ ਹੀ ਆਖਿਆ ਸੀ – ਜੋ ਕੁੱਝ ਵਾਪਰਿਆ. ਤੇ ਉਹ ਸਾਰਾ ਕੁੱਝ ਨਜ਼ਮਾਂ ਤੇ ਨਾਵਲਾਂ ਦੇ ਹਵਾਲੇ ਹੋ ਗਿਆ....... ਫਿਰ ਵੀ ਕੁੱਝ ਸਤਰਾਂ ਲਿਖ ਰਹੀ ਹਾਂ- ਕੁੱਝ ਇੰਝ, ਜਿਵੇਂ ਜ਼ਿੰਦਗੀ ਦੇ ਲੇਖੇ ਜੋਖੇ ਦੇ ਕਾਗਜ਼ਾਂ ਉੱਤੇ ਇੱਕ ਨਿੱਕੀ ਜਿਹੀ ਰਸੀਦੀ ਟਿਕਟ ਲਾ ਰਹੀ ਹੋਵਾਂ ।"* (ਰਸੀਦੀ ਟਿਕਟ, ਪੰਨਾ 9)

ਅੰਮ੍ਰਿਤਾ ਦਾ ਆਪਣੇ ਸਵੈ ਬਾਰੇ ਲਿਖਿਆ ਜੋ ਉਸਦੇ ਮਨ ਦੀਆਂ ਤੈਹਾਂ ਹੇਠ ਦੱਬਿਆ ਪਿਆ ਹੈ। ਲੇਖਕ ਜੋ ਆਪਣੇ ਸਵੈ ਬਾਰੇ ਲਿਖ ਰਿਹਾ ਹੁੰਦਾ ਹੈ, ਉਹ ਆਪਣੇ ਗੁਜ਼ਰ ਚੁੱਕੇ ਸਮੇਂ ਦੇ ਦਰਦ ਉਸਦੇ ਤਨਾਉ ਨੂੰ ਹੰਢਾ ਚੁੱਕਾ ਹੁੰਦਾ ਹੈ। ਉਹ ਉਸ ਵਕਤ ਦੀ ਸਮੇਂ ਸਥਿਤੀ ਨਾਲ ਇਕਸੁਰਤਾ ਨਹੀਂ ਸਥਾਪਤ ਕਰ ਚੁੱਕਿਆ ਹੁੰਦਾ। ਉਹ ਕਿੰਨੇ ਹੀ ਵਿਕਸਤ ਜਾਂ ਅਵਿਕਸਤ ਸਮੇਂ ਦੇ ਅਨੇਕਾਂ ਰਿਸ਼ਤੇ ਨਾਤਿਆਂ ਨਾਲ ਜੁੜਿਆ ਹੁੰਦਾ ਹੈ। ਉਹ ਉਸ ਵਕਤ ਆਪਣੀ ਜ਼ਿੰਦਗੀ ਵਿਚ ਕਈ ਮਾਨਸਿਕ ਤਣਾਵਾਂ ਤੋਂ ਗੁਜ਼ਰ ਚੁੱਕਾ ਹੁੰਦਾ ਹੈ। ਉਹ ਉਸ ਸਮੇਂ ਆਪਣੇ ਨਾਲ ਵਾਪਰੀਆਂ ਘਟਨਾਵਾਂ ਜਿਨ੍ਹਾਂ ਨੇ ਉਸ ਦੀ ਜੀਵਨ ਰੇਖਾ ਨੂੰ ਬਹੁਤ ਡੂੰਘਾ ਪ੍ਰਭਾਵਿਤ ਕੀਤਾ ਹੁੰਦਾ ਹੈ, ਉਸਨੂੰ ਆਪਣੀ ਸਵੈ-ਜੀਵਨੀ ਲਿਖਣ ਵੇਲੇ ਇਕ ਦਰਸ਼ਕ ਜਾਂ ਪਾਠਕ ਦੇ ਨਜ਼ਰੀਏ ਤੋਂ ਵਿਚਾਰ ਕੇ ਆਪਣੀਆਂ ਯਾਦਾਂ ਦਾ ਹਿੱਸੇਦਾਰ ਬਣਾਉਂਦਾ ਹੈ। ਉਹ ਆਪਣੀ ਸਵੈ-ਜੀਵਨੀ ਵਿਚ ਨਿਰੋਲ ਸੱਚ ਦੇ ਨਾਲ ਨਾਲ ਆਪਣੀ ਕਲਪਣਾ ਦਾ ਸਹਾਰਾ ਲੈ ਕੇ ਇਕ ਬਿਰਤਾਂਤ ਸਿਰਜਦਾ ਹੈ ਜਿਸ ਵਿਚ ਉਸਦੇ ਸਵੈ ਦੀ ਮਹਿਮਾ ਹੋ ਰਹੀ ਹੁੰਦੀ ਹੈ । ਕਿਉਂ ਜੋ ਉਹ ਵਾਪਰ ਚੁੱਕੀਆਂ ਘਟਨਾਵਾਂ ਲੇਖਕ ਦੀਆਂ ਯਾਦਾਂ ਦੇ ਚੌਗਿਰਦੇ ਵਿਚ ਦੱਬੀਆਂ ਹੁੰਦੀਆਂ ਹਨ ਤਾਂ ਉਹ ਆਪਣੇ ਮਨ ਮੁਤਾਬਿਕ ਉਨ੍ਹਾਂ ਦੀ ਪੁਨਰ-ਸਿਰਜਣਾ ਕਰਦਾ ਹੈ।ਸਵੈ-ਸ਼ਲਾਘਾ ਕਰਦਾ ਹੋਇਆ ਬਿਤ ਚੁੱਕੇ ਸਮੇਂ ਵਿਚੋਂ ਕੁਝ ਕੁ ਮਹੱਤਵਪੂਰਨ ਘਟਨਾਵਾਂ ਨੂੰ ਪਿੱਛਲਝਾਤ ਰਾਹੀਂ ਸਾਡੇ ਸਨਮੁਖ ਰੱਖਦਾ ਹੈ।

ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ ਵਿਚ ਸਾਨੂੰ ਰੋਮਾਂਸ ਅਤੇ ਪ੍ਰਗਤੀਵਾਦੀ ਸੋਚ ਦੋਵਾਂ ਦਾ ਸੁਮੇਲ ਮਿਲਦਾ ਹੈ। ਆਪਣੇ ਬਚਪਨ ਤੋਂ ਲੈ ਕੇ ਜੀਵਨ ਦੇ ਆਖਰੀ ਸਮੇਂ ਤੱਕ ਉਸ ਨੇ ਇਨ੍ਹਾਂ ਸੁਪਨਿਆਂ ਵਿਚ ਆਪਣੀ ਜ਼ਿੰਦਗੀ ਜਿਉਂਈ ਸੀ । ਜੋ ਖੁੱਲ੍ਹ ਜੋ

ਅਜ਼ਾਦੀ ਉਹ ਆਪਣੇ ਬਚਪਨ ਵਿਚ ਚਾਹੁੰਦੀ ਸੀ ਉਹ ਉਸਨੂੰ ਆਪਣੇ ਸੁਪਨਿਆਂ ਵਿਚ ਮਿਲੀ ਸੀ । ਇਸਦਾ ਕਾਰਨ ਸੀ ਕਿ ਅੰਮ੍ਰਿਤਾ ਦੀ ਪੈਦਾਇਸ਼ ਇਕ ਐਸੇ ਘਰ ਵਿਚ ਹੋਈ ਸੀ ਜਿਸ ਵਿਚ ਉਸਨੂੰ ਆਪਣੀ ਹੋਂਦ ਦੇ ਚਾਹੇ ਤੇ ਅਣਚਾਹੇ ਹੋਣ ਦਾ ਸ਼ੱਕ ਪੈਂਦਾ ਸੀ । ਇਸ ਦਾ ਉਦਾਹਰਣ ਇਨ੍ਹਾਂ ਸਤਰਾਂ ਵਿਚ ਮਿਲਦੀ ਹੈ :

*" ਪਰ ਮੈਂ ਉਨ੍ਹਾਂ ਦੇ ਮੂੰਹ ਉੱਤੇ ਇਕ ਬਹੁਤ ਵੱਡਾ ਹਿਰਖ ਦੇਖਿਆ – ਦਸਾਂ ਕੁ ਵਰ੍ਹਿਆਂ ਦੀ ਸਾਂ। ਮਾਂ ਮਰ ਗਈ। ਉਹ ਜ਼ਿੰਦਗੀ ਤੋਂ ਵਿਰਕਤ ਹੋ ਗਏ। ਪਰ ਮੈਂ ਉਨ੍ਹਾਂ ਲਈ ਇਕ ਬਹੁਤ ਵੱਡਾ ਬੰਧਨ ਸਾਂ। ਮੋਹ ਤੇ ਵੈਰਾਗ ਦੋਵੇਂ ਉਨ੍ਹਾਂ ਨੂੰ ਇਕ ਦੂਜੀ ਤੋਂ ਮੁਖਾਲਫ਼ ਵੱਲ ਖਿੱਚਦੇ ..... ਮੈਂ ਵਿਲਕ ਪੈਂਦੀ । ਪਤਾ ਨਹੀਂ ਸੀ ਲਗਦਾ ਮੈਂ ਉਨ੍ਹਾਂ ਨੂੰ ਮਨਜ਼ੂਰ ਸਾਂ ਕਿ ਨਾ-ਮਨਜ਼ੂਰ।"* (ਰਸੀਦੀ ਟਿਕਟ, ਪੰਨਾ 11)

ਉਹ ਆਪਣੇ ਆਪ ਨੂੰ ਪਿਤਾ ਦੀ ਨਜ਼ਰ ਵਿਚ ਚੰਗੀ ਬਨਣ ਲਈ ਉਸਦੇ ਪਿਤਾ ਜੋ ਚਾਹੁੰਦੇ ਸਨ ਉਹ ਕਰਨ ਨੂੰ ਤਿਆਰ ਸੀ, ਉਨ੍ਹਾਂ ਦਾ ਕੰਮ ਸੀ ਕਵਿਤਾ ਲਿਖਣਾ ਉਹ ਵੀ ਧਾਰਮਿਕ। ਮਾਂ ਦਾ ਛੋਟੀ ਉਮਰੇ ਗੁਜ਼ਰ ਜਾਣ ਕਾਰਨ ਉਹ ਆਪਣੀ ਨਾਨੀ ਦੇ ਘਰ ਹੀ ਪਲੀ। ਚਾਰ ਸਾਲ ਦੀ ਉਮਰ ਵਿਚ ਉਸਦੀ ਕੁੜਮਾਈ ਵੀ ਕਰ ਦਿੱਤੀ ਗਈ ਸੀ ਤੇ ਮਾਂ ਦੇ ਦੇਹਾਂਤ ਤੋਂ ਬਾਅਦ ਸੋਲ੍ਹਾਂ ਸਾਲ ਦੀ ਉਮਰ ਵਿਚ ਵਿਆਹ ਵੀ ਕਰ ਦਿੱਤਾ ਗਿਆ। ਘਰ ਦਾ ਮਾਹੌਲ ਬਹੁਤ ਹੀ ਰਵਾਇਤੀ ਕਿਸਮ ਦਾ ਸੀ। ਕੁੜੀਆਂ ਨੂੰ ਕੋਈ ਖੁੱਲ੍ਹ ਨਹੀਂ ਸੀ ਉਹ ਸਿਰਫ ਘਰ ਦੀ ਚਾਰ ਦੀਵਾਰੀ ਵਿਚ ਸੁਰੱਖਿਅਤ ਸਨ, ਇਹ ਅਹਿਸਾਸ ਜਤਾਇਆ ਜਾਂਦਾ ਸੀ। ਨਿਤਨੇਮ ਨਾਲ ਪਾਠ ਕਰਨਾ ਤੇ ਉਹ ਵੀ ਉੱਚੀ ਉੱਚੀ ਬੋਲ ਕੇ ਇਹ ਉਹ ਨਿਯਮ ਸੀ ਜੋ ਤੋੜੇ ਨਹੀਂ ਜਾ ਸਕਦੇ ਸਨ। ਅੰਮ੍ਰਿਤਾ ਇਸ ਬੰਧਨ ਨਾਲ ਆਪਣੀ ਸਾਂਝ ਨਹੀਂ ਸੀ ਪਾਉਣਾ ਚਾਹੁੰਦੀ। ਉਸਨੇ ਆਪਣੇ ਆਲੇ-ਦੁਆਲੇ ਇਕ ਸੁਪਨ-ਸੰਸਾਰ ਰਚ ਲਿਆ ਸੀ । ਜਿਸ ਵਿਚ ਉਸਦਾ ਇਕ ਰਾਜਕੁਮਾਰ ਵੀ ਸੀ, ਜਿਸਨੂੰ ਉਹ ਰਾਜਨ ਕਹਿ ਕੇ ਪੁਕਾਰਦੀ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਸੁਪਨੇ ਉਸਨੂੰ ਵਾਰ-ਵਾਰ ਆਉਂਦੇ ਸਨ। ਉਦਾਹਰਣ ਵਜੋਂ :

*" ਇਹ ਉਹ ਦਿਨ ਸਨ, ਜਿਨ੍ਹਾਂ ਤੋਂ ਪਿੱਛੋਂ ਮੈਂ ਕਈ ਦਿਨ ਨਹੀਂ, ਕਈ ਮਹੀਨੇ ਨਹੀਂ, ਕਈ ਵਰ੍ਹੇ ਦੋ ਸੁਪਨਿਆਂ ਵਿਚ ਗੁਜ਼ਾਰ ਦਿੱਤੇ । ਰੋਜ਼ ਰਾਤ ਨੂੰ ਮੇਰੇ ....... ਇਕ ਸੁਪਨਾ ਸੀ ਕਿ ਇਕ ਦਿਨ ਇਕ ਸ਼ਾਮ ਇਕ ਕਿਲ੍ਹਾ ਹੁੰਦਾ, ਤੇ ਲੋਕ ਮੈਨੂੰ ਉਸ ਕਿਲ੍ਹੇ ਵਿਚ ਡੱਕ ਦੇਂਦੇ। ਅੰਦਰੋਂ ਦਰਵਾਜ਼ਾ ਕੋਈ ਨਾ ਲੱਭਦਾ .... ਮੈਂ ਸਾਰਾ ਜੋਰ ਲਾ ਕੇ ਉੱਡਣ ਦੀ ਕੋਸ਼ਿਸ਼ ਕਰਨ ਲੱਗ ਪੈਂਦੀ..... ਮੈਂ ਉਤਾਂਹ ਹੁੰਦੀ ਜਾਂਦੀ। ਸਾਹਮਣੇ ਆਸਮਾਨ ਆ ਜਾਂਦਾ .... ਕਿਲ੍ਹੇ ਦਾ ਪਹਿਰਾ ਦੇਣ ਵਾਲੇ ਲੋਕ ਘਾਬਰੇ ਹੁੰਦੇ ਗੁੱਸੇ ਨਾਲ ਬਾਹਵਾਂ ਉਲਾਰਦੇ ਹੁੰਦੇ, ਪਰ ਮੇਰੇ ਤੱਕ ਕਿਸੇ ਦਾ ਹੱਥ ਨਾ ਪਹੁੰਚ ਸਕਦਾ....।* (ਰਸੀਦੀ ਟਿਕਟ, ਪੰਨਾ )

ਇੰਝ ਦੇ ਸੁਪਨਿਆਂ ਤੋਂ ਸਾਨੂੰ ਪਤਾ ਚਲਦਾ ਹੈ ਕਿ ਅੰਮ੍ਰਿਤਾ ਨੇ ਉਸ ਵਕਤ ਕਿਸ ਘੁਟਣ ਭਰੇ ਮਾਹੌਲ ਵਿਚ ਆਪਣੇ ਬਚਪਨ ਨੂੰ ਬਿਤਾਇਆ ਸੀ। ਉਹ ਖੁੱਲ੍ਹੀਆਂ ਹਵਾਵਾਂ ਵਿਚ ਉੱਡਣਾ ਚਾਹੁੰਦੀ ਸੀ ਆਪਣੇ ਸੋਲ੍ਹਵੇਂ ਸਾਲ ਨੂੰ ਉਚੇਚੇ ਤੌਰ 'ਤੇ ਸਵੈ-ਜੀਵਨੀ ਦਾ ਹਿੱਸਾ ਬਣਾਉਂਦੀ ਹੈ ਤੇ ਆਪਣੀ ਕਲਪਣਾ ਸ਼ਕਤੀ ਨਾਲ ਉਨ੍ਹਾਂ ਯਾਦਾਂ, ਉਨ੍ਹਾਂ ਖਾਹਿਸਾਂ, ਨੂੰ ਪੁਨਰ-ਸਿਰਜਤ ਕਰਦੀ ਹੋਈ ਕਹਿੰਦੀ ਹੈ:

*"ਪਰ ਸੋਲ੍ਹਵੇਂ ਵਰ੍ਹੇ ਨਾਲ ਮੇਰਾ ਸੁਭਾਵਿਕ ਰਿਸਤਾ ਨਹੀਂ ਸੀ, ਚੋਰੀ ਦਾ ਸਾਕ ਸੀ। ਇਸ ਲਈ ਉਹ ਵੀ ਮੇਰੇ ਵਾਂਗ, ਮੇਰੇ ਬਾਪ ਅੱਗੇ ਸਹਿਮ ਜਾਂਦਾ ਸੀ, ਤੇ ਮੇਰੇ ਕੋਲੋਂ ਪਰ੍ਹਾਂ ਹੋ ਕੇ ਕਿਸੇ ਬੂਹੇ ਪਿੱਛੇ ਜਾ ਖਲੋਂਦਾ ਸੀ..... ਅਸਲ ਵਿਚ ਇਹ ਸਾਲ ਉਮਰ ਦੀ ਸੜਕ ਉੱਤੇ ਲੱਗਾ ਹੋਇਆ ਖਤਰੇ ਦਾ ਨਿਸ਼ਾਨ ਹੁੰਦਾ ਹੈ – ਕਿ ਬੀਤੇ ਵਰ੍ਹਿਆਂ ਦੀ ਪੱਧਰੀ ਸੜਕ ਖਤਮ ਹੋ ਗਈ ਹੈ, ਤੇ ਉੱਚੀ ਨੀਵੀਂ ਤੇ ਭਿਆਨਕ ਮੋੜਾਂ ਵਾਲੀ ਸੜਕ ਸ਼ੁਰੂ ਹੋਣੀ ਹੈ, ਤੇ ਹੁਣ ਮਾਂ-ਬਾਪ ਦੀ ਕਹਿਣੀ ਤੋਂ ਲੈ ਕੇ , ਸਕੂਲ ਦੀਆਂ ਕਿਤਾਬਾਂ ਕੰਠ ਕਰਨ, ਉਪਦੇਸ਼ ਨੂੰ ਸੁਨਣ ਮੰਨਣ ਤੇ ਸਮਾਜਕ ਬਣਤਰ ਨੂੰ ਆਦਰ ਨਾਲ ਕਬੂਲਣ ਤੱਕ ਦੇ ਭੋਲੇ ਵਿਸ਼ਵਾਸ ਦੇ ਸਾਹਮਣੇ ਹਰ ਵੇਲੇ ਇਕ ਸਵਾਲੀਆ ਫਿਕਰਾ ਆ ਖਲੋਵੇਗਾ....।"* (ਰਸੀਦੀ ਟਿਕਟ, ਪੰਨਾ 17-18)

ਅੰਮ੍ਰਿਤਾ ਨੂੰ ਆਪਣੇ ਸੋਲ੍ਹਵੇਂ ਸਾਲ ਦਾ ਜਿੰਨਾ ਚਾਅ ਸੀ ਉਹ ਚਾਅ ਉਸ ਸਮੇਂ ਦੇ ਮੱਧ ਵਰਗ ਦੀ ਰਹਿਣੀ-ਬਹਿਣੀ, ਮਾਂ ਦਾ ਨਾ ਹੋਣਾ ਅਤੇ ਪਿਤਾ ਦਾ ਧਾਰਮਿਕ ਆਗੂ ਹੋਣ ਦੀ ਵਜ੍ਹਾ ਨਾਲ ਉਸ ਨੂੰ ਬਹੁਤ ਹੀ ਸੰਜਮਤਾ ਭਰਪੂਰ ਜੀਵਨ ਜਿਊਣਾ ਪੈ ਰਿਹਾ ਸੀ। ਜਿਸ ਵਿਚ ਉਸਦੀ ਆਪਣੀ ਮਰਜੀ ਨਹੀਂ ਸੀ ਚਲਦੀ ਤੇ ਇਸ ਗੱਲ ਦਾ ਦੁੱਖ ਉਹ ਆਪਣੇ ਰਹਿੰਦੇ ਜੀਵਨ ਤੱਕ ਯਾਦ ਰੱਖਦੀ ਹੈ। ਉਸ ਦੇ ਮਨ ਵਿਚ ਰੋਸ ਵੀ ਜਾਗਦਾ ਹੈ ਤੇ ਉਹ ਖ਼ੁਦ ਬਿਆਨਦੀ ਹੈ :

*"ਖ਼ੁਦਾ ਦੀ ਜਿਸ ਸ਼ਾਜ਼ਿਸ ਨੇ, ਇਹ ਸੋਲ੍ਹਵਾਂ ਵਰ੍ਹਾ ਕਿਸੇ ਅਪਸਰਾ ਵਾਂਗ ਭੇਜ ਕੇ ਮੇਰੇ ਬਚਪਨ ਦੀ ਸਮਾਧੀ ਭੰਗ ਕੀਤੀ ਸੀ, ਉਸ ਸ਼ਾਜ਼ਿਸ ਦੀ ਮੈਂ ਦੇਣਦਾਰ ਹਾਂ, ਕਿਉਂਕਿ ਸ਼ਾਜ਼ਿਸ ਦਾ ਸੰਬੰਧ ਸਿਰਫ਼ ਇਕ ਵਰ੍ਹੇ ਨਾਲ ਨਹੀਂ ਸੀ, ਮੇਰੀ ਉਮਰ ਨਾਲ ਹੈ । ਸਬਰ ਸੰਤੋਖ ਨਾਲ ਜ਼ਿੰਦਗੀ ਦੀਆਂ ਗ਼ਲਤ ਕੀਮਤਾਂ ਨਾਲ ਕੀਤੀ ਹੋਈ ਸੁਲਾਹ, ਉਹ ਸਮਾਧੀ ਵਾਂਗ ਹੁੰਦੀ ਹੈ ਜਿਹਦੇ ਵਿਚ ਉਮਰ ਅਕਾਰਥੀ ਚਲੀ ਜਾਂਦੀ ਹੈ। ਤੇ ਮੈਂ ਖ਼ੁਸ਼ ਹਾਂ, ਮੈਂ ਸਮਾਧੀ ਦੇ ਚੈਨ ਦਾ ਵਰ ਨਹੀਂ ਪਾਇਆ, ਭਟਕਣ ਦੀ ਬੇਚੈਨੀ ਦਾ ਸਰਾਪ ਪਾਇਆ ਹੈ.....।* (ਰਸੀਦੀ ਟਿਕਟ, ਪੰਨਾ 18)

ਉਪਰੋਕਤ ਸਤਰਾਂ ਤੋਂ ਸਾਫ਼ ਪਤਾ ਚਲਦਾ ਹੈ ਕਿ ਅੰਮ੍ਰਿਤਾ ਆਪਣੇ ਬਚਪਨ ਤੋਂ ਲੈ ਕੇ ਜਵਾਨੀ ਦੀ ਦਹਿਲੀਜ 'ਤੇ ਪੈਰ ਧਰਦਿਆਂ ਤੇ ਇਕ ਅਣਚਾਹੇ ਰਿਸ਼ਤੇ ਵਿਚ ਬੰਨ੍ਹ ਜਾਣ ਦੇ ਦਰਦ ਨੂੰ ਭੋਗ ਰਹੀ ਸੀ ਉਹ ਜ਼ਿੰਦਗੀ ਨੂੰ ਭਰਪੂਰ ਜਿਊਣਾ ਚਾਹੁੰਦੀ ਸੀ। ਆਪਣੇ ਬਚਪਨ ਅਤੇ ਚੜ੍ਹਦੀ ਜਵਾਨੀ ਦੇ ਪਲਾਂ ਨੂੰ ਖਾਸ ਬਨਾਉਣਾ ਚਾਹੁੰਦੀ ਸੀ। ਇਹੋ ਹੀ ਕਾਰਨ ਸੀ ਕਿ ਉਸਦੀ ਸੋਚ ਬਗਾਬਤੀ ਹੋ ਉੱਠੀ ਸੀ। ਉਸ ਨੇ ਆਪਣੇ ਪਿਤਾ ਦੁਆਰਾ ਉਸਦੇ ਛੋਟੀ ਉਮਰ ਵਿਚ ਕੀਤੇ ਗਏ ਵਿਆਹ ਵਾਲੇ ਰਿਸ਼ਤੇ ਨੂੰ ਕਦੇ ਵੀ ਦਿਲੋਂ ਨਹੀਂ ਸੀ ਕਬੂਲਿਆ। ਬਸ ਇਕ ਸਮਾਜਿਕ ਮਰਿਆਦਾ ਵਜੋਂ ਉਸ ਰਿਸ਼ਤੇ ਨੂੰ ਢੋਹ ਰਹੀ ਸੀ। ਅੰਮ੍ਰਿਤਾ ਨੇ ਆਪਣੀ ਸਵੈ-ਜੀਵਨੀ 'ਰਸੀਦੀ ਟਿਕਟ' ਵਿਚ ਆਪਣੀ ਵਿਆਹੁਤਾ ਜ਼ਿੰਦਗੀ ਬਾਰੇ ਕੋਈ ਰੌਸ਼ਨੀ ਨਹੀਂ ਪਾਈ। ਇਸਦਾ ਕਾਰਨ ਅੰਮ੍ਰਿਤਾ ਦਾ ਇਸ ਪਰੰਪਰਿਕ ਰਿਸ਼ਤੇ ਨੂੰ ਦਿਲੋਂ ਨਾ ਸਵੀਕਾਰਨਾ ਹੈ। ਉਸਨੇ ਪਰੰਪਰਾ ਅਤੇ ਸਮਾਜ ਦੇ ਨਿਯਮਾਂ ਨੂੰ ਇਕ ਪਾਸੇ ਛੱਡ, ਇਕ ਗ਼ੈਰ ਪਰੰਪਰਿਕ ਰਿਸ਼ਤੇ ਦੀ ਸਾਂਝ ਪਾਈ। ਇਸ ਰਿਸ਼ਤੇ ਵਿਚ ਜੋ ਇਨਸਾਨ ਸੀ, ਉਹ ਓਹੀ ਸੀ ਜੋ ਉਸਦੇ ਸੁਪਨਿਆਂ ਵਿਚ ਆਉਂਦਾ ਸੀ। ਇਹ ਉਸਦਾ ਪਿਆਰ ਸੀ ਜੋ ਕਿ ਇਕ ਮਸ਼ਹੂਰ ਸ਼ਾਇਰ, ਸਾਹਿਰ ਲੁਧਿਆਣਵੀ ਸੀ। ਸਾਹਿਰ ਤੋਂ ਇਲਾਵਾ ਵੀ ਕਈ ਹੋਰਾਂ ਨਾਲ ਅੰਮ੍ਰਿਤਾ ਦਾ ਨਾਮ ਜੁੜਿਆ। ਉਸ ਦਾ ਇਕ ਕਾਰਨ ਅੰਮ੍ਰਿਤਾ ਦੀ ਸੋਹਣੀ ਦਿਖ ਵੀ ਸੀ ਤੇ ਦੂਜਾ ਉਹ ਆਪਣੇ ਦਿਲ ਦੇ ਭਾਵਾਂ ਨੂੰ ਬਿਆਨ ਵੀ ਬਹੁਤ ਸੋਹਣੇ ਅੱਖਰਾਂ ਵਿਚ ਕਰਦੀ ਜਿਸ ਸਦਕਾ ਆਪ ਮੁਹਾਰੇ ਹੀ ਲੋਕ ਉਸਦੀ ਸ਼ਖ਼ਸੀਅਤ ਤੋਂ

ਟੁੰਬੇ ਜਾਂਦੇ ਸਨ। ਪੰਜਾਬੀ ਦੇ ਇਕ ਹੋਰ ਸ਼ਾਇਰ ਮੋਹਨ ਸਿੰਘ ਜਿਸਦਾ ਜ਼ਿਕਰ ਇਸ ਸਵੈ-ਜੀਵਨੀ ਵਿਚ ਹੈ, ਉਸ ਬਾਰੇ ਕਿਹਾ ਗਿਆ ਹੈ ਕਿ ਉਹ ਇਕ ਤਰਫ਼ਾ ਪਿਆਰ ਸੀ ਜੋ ਮੋਹਨ ਸਿੰਘ ਨੇ ਅੰਮ੍ਰਿਤਾ ਨਾਲ ਕੀਤਾ ਤੇ ਉਸਨੇ ਅੰਮ੍ਰਿਤਾ ਲਈ ਮਸ਼ਹੂਰ ਕਵਿਤਾ 'ਜਾਇਦਾਦ' ਵੀ ਲਿਖੀ। ਇਸੇ ਤਰੀਕੇ ਦੇ ਹੋਰ ਵੀ ਵੇਰਵੇ ਇਸ ਸਵੈ-ਜੀਵਨੀ ਵਿਚ ਦਰਜ ਹਨ। ਪਰ ਉਸਦਾ ਪਹਿਲਾ ਪਿਆਰ ਸਾਹਿਰ ਸੀ ਜਿਸਨੂੰ ਉਹ ਬਹੁਤ ਬੇਬਾਕੀ ਨਾਲ ਕਬੂਲਦੀ ਹੈ ਪਰ ਇਹ ਰਿਸ਼ਤਾ ਬਿਨ੍ਹਾਂ ਕਿਸੇ ਨਾਮ ਦੇ ਯਾਦਾਂ ਦੀਆਂ ਤੈਹਾਂ ਵਿਚ ਗੁੰਮ ਹੋ ਗਿਆ। ਇਸ ਦਾ ਇੱਕੋ ਕਾਰਨ ਸੀ, ਸਾਹਿਰ ਦਾ ਦੂਜੇ ਧਰਮ ਦਾ ਹੋਣਾ। ਅਸੀਂ ਦੇਖਦੇ ਹਾਂ ਕਿ ਅੰਮ੍ਰਿਤਾ ਆਪਣੀ ਸਵੈ-ਜੀਵਨੀ ਲਿਖਦੇ ਵੇਲੇ ਕਿਸੇ ਇਕ ਘਟਨਾ-ਕ੍ਰਮ ਜਾਂ ਲੜੀਵਾਰ ਰੂਪ ਵਿਚ ਘਟਨਾਵਾਂ ਨੂੰ ਪੇਸ਼ ਨਹੀਂ ਕਰਦੀ। ਉਹ ਯਾਦਾਂ ਨੂੰ ਫਰੋਲਦੀ ਨਜ਼ਰ ਆਉਂਦੀ ਹੈ। ਕਦੇ ਕੋਈ ਪਲ ਸਾਹਮਣੇ ਆ ਗਿਆ ਕਦੇ ਕੋਈ । ਇਨ੍ਹਾਂ ਘਟਨਾਵਾਂ ਨੂੰ ਬਿਆਨ ਕਰਦੀ ਹੋਈ ਇੰਝ ਪ੍ਰਤੀਤ ਹੁੰਦੀ ਹੈ ਜਿਵੇਂ ਉਹ ਕੋਈ ਕਵਿਤਾ ਜਾਂ ਕਹਾਣੀ ਜਾਂ ਨਾਟਕ ਦੇ ਪਾਤਰ ਦੀ ਹੱਡ ਬੀਤੀ ਸੁਣਾ ਰਹੀ ਹੋਵੇ । ਉਸ ਦੀ ਅਸਲ ਜ਼ਿੰਦਗੀ ਤੇ ਬਿਰਤਾਂਤਕ ਜੀਵਨ ਵਿਚ ਘੜੇ ਪਾਤਰ ਤੇ ਉਨ੍ਹਾਂ ਦੀ ਸੋਚ ਇਕ-ਮਿਕ ਹੋ ਜਾਂਦੀ ਹੈ। ਸਾਨੂੰ ਇਹ ਅਹਿਸਾਸ ਹੁੰਦਾ ਹੈ ਜਿਵੇਂ ਅਸੀਂ ਉਸਦਾ ਕੋਈ ਨਾਵਲ ਜਾਂ ਕਹਾਣੀ ਪੜ੍ਹਦੇ ਹਾਂ । ਜਿਆਦਾਤਰ ਘਟਨਾਵਾਂ ਬਿਰਤਾਂਤ ਹੋਣ ਦਾ ਭੁਲੇਖਾ ਪਾਉਂਦੀਆ ਹਨ । ਇਸਦਾ ਇਕ ਕਾਰਨ ਹੋਰ ਵੀ ਹੈ ਉਹ ਹੈ ਉਸਦਾ ਗੱਲ ਕਰਦੇ ਕਰਦੇ ਆਪਣੇ ਸੁਪਨਿਆਂ ਨੂੰ ਬਿਆਨ ਕਰਨਾ। ਅੰਮ੍ਰਿਤਾ ਆਪਣੇ ਵਿਆਹੁਤਾ ਜੀਵਨ ਨੂੰ ਤਿਆਗ ਦਿੰਦੀ ਹੈ। ਸਾਹਿਰ ਨੂੰ ਪਿਆਰ ਕਰਦੀ ਹੈ ਪਰ ਉਹ ਰਿਸ਼ਤਾ ਵੀ ਸਿਰੇ ਨਹੀਂ ਚੜ੍ਹਦਾ ਤੇ ਸਾਹਿਰ ਤੋਂ ਬਾਅਦ ਉਸਦੀ ਜ਼ਿੰਦਗੀ ਵਿਚ ਇਮਰੋਜ਼ ਆ ਕੇ ਆਪਣੀ ਚਾਹਤ ਦਾ ਰੰਗ ਭਰਦਾ ਹੈ। ਸਾਹਿਰ ਤੇ ਇਮਰੋਜ਼ ਦੋਹਾਂ ਦੀ ਚਾਹਤ ਜੋ ਅੰਮ੍ਰਿਤਾ ਲਈ ਸੀ , ਬਹੁਤ ਹੀ ਜੁਦਾ ਸੀ , ਉਦਾਹਰਣ ਲਈ :

*" ਕਦੇ, ਇਕ ਵਾਰ ਉਸਦੇ ਹੱਥ ਨੂੰ ਛੋਹਣਾ ਚਾਹੁੰਦੀ ਸਾਂ, ਪਰ ਮੇਰੇ ਸਾਹਮਣੇ ਮੇਰੇ ਹੀ ਸੰਸਕਾਰਾਂ ਦਾ ਇਕ ਫ਼ਾਸਲਾ ਸੀ, ਜੋ ਤੈਹ ਨਹੀਂ ਸੀ ਹੁੰਦਾ। ਉਦੋਂ ਵੀ ਕਲਪਨਾ ਦੀ ਕਰਾਮਾਤ ਦਾ ਆਸਰਾ ਲਿਆ ਸੀ..... ਉਹਦੇ ਜਾਣ ਪਿੱਛੋਂ, ਮੈਂ ਉਹਦੇ ਛੱਡੇ ਹੋਏ ਸਿਗਰਟਾਂ ਦੇ ਟੁਕੜੇ ਸਾਂਭ ਕੇ ਅਲਮਾਰੀ ਵਿਚ ਰੱਖ ਲੈਂਦੀ ਸਾਂ ਤੇ ਫਿਰ ਇਕ ਇਕ ਟੁਕੜੇ ਨੂੰ ਇਕੱਲੀ ਬਹਿ ਕੇ ਬਾਲਦੀ ਸਾਂ, ਤੇ ਜਦੋਂ ਉਹਨੂੰ ਉਂਗਲਾਂ ਵਿਚ ਫੜਦੀ ਸਾਂ, ਜਾਪਦਾ ਸੀ ਜਿਵੇਂ ਉਹਦਾ ਹੱਥ ਛੂਹ ਰਹੀ ਹੋਵਾਂ....।"* (ਰਸੀਦੀ ਟਿਕਟ, ਪੰਨਾ 111)

ਅੰਮ੍ਰਿਤਾ ਦੇ ਆਪਣੇ ਸ਼ਬਦਾਂ ਵਿਚ :

*" ਮੇਰੀ ਤੇ ਸਾਹਿਰ ਦੀ ਦੋਸਤੀ ਵਿਚ ਕਦੇ ਵਿ ਲਫ਼ਜ ਸ਼ਾਮਿਲ ਨਹੀਂ ਸਨ ਹੋਏ । ਇਹ ਖਾਮੋਸ਼ੀ ਦਾ ਇਕ ਹੁਸ਼ੀਨ ਰਿਸ਼ਤਾ ਸੀ....। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਇਹ ਹਸਰਤ ਆਈ ਕਿ ਖ਼ੁਦਾਇਆ। ਜੋ ਕਾਗਜ਼ ਕੋਰਾ ਦਿਖਾਈ ਦੇ ਰਿਹਾ ਹੈ, ਇਹ ਕੋਰਾ ਨਹੀਂ ਸੀ..... ਏਸ ਰਸੀਦੀ ਟਿਕਟ ਵਿਚ ਮੇਰੇ ਇਸ਼ਕ ਦੀ ਦਾਸਤਾਨ ਦਰਜ ਹੈ, ਸਾਹਿਰ ਨੇ ਪੜ੍ਹੀ ਸੀ.....।"* (ਰਸੀਦੀ ਟਿਕਟ, ਪੰਨਾ 111)

ਇਸ ਤਰ੍ਹਾਂ ਸਾਹਿਰ ਅਤੇ ਅੰਮ੍ਰਿਤਾ ਦਾ ਰਿਸ਼ਤਾ ਪਰਵਾਨ ਨਹੀਂ ਚੜ੍ਹਦਾ ਤੇ ਦੋਹਾਂ ਦੇ ਰਾਹ ਜੁਦਾ ਹੋ ਜਾਂਦੇ ਹਨ। ਅੰਮ੍ਰਿਤਾ ਦੇ ਟੁੱਟੇ ਰਿਸਤੇ ਦੇ ਦਰਦ ਨੂੰ ਸਮਝਣ ਲਈ ਨਿਮਨਲਿਖਤ ਪੈਰੇ ਨੂੰ ਦੇਖਿਆ ਜਾ ਸਕਦਾ ਹੈ :

*" ਉਨ੍ਹਾਂ ਦਿਨਾਂ ਵਿਚ ਮੈਂ ਆਪਣੇ ਮਨ ਦੀ ਹਾਲਤ ਨੂੰ ਆਸਕਰ ਵਾਈਲਡ ਦੇ ਲਫਜਾਂ ਵਿਚ ਪਹਿਚਾਣਿਆ ਸੀ , " ਮੈਂ ਮਰ ਜਾਣਾ ਸੋਚਿਆ..... ਏਡੇ ਕਹਿਰ ਦੀ ਸੋਚ ਜਦੋਂ ਜ਼ਰਾ ਕੁ ਨਿੰਮੀ ਪੈ ਗਈ, ਮੈਂ ਜਿਉਣ ਲਈ ਆਪਣਾ ਮਨ ਬਣਾ ਲਿਆ। ਪਰ ਸੋਚਿਆ ਉਦਾਸੀ ਨੂੰ ਮੈਂ ਇਕ ਸ਼ਾਹੀ ਲਿਬਾਸ ਬਣਾ ਲਵਾਂਗਾ, ਤੇ ਹਰ ਵੇਲੇ ਪਹਿਣ ਕੇ ਰੱਖਾਂਗਾ.... ਜਿਹੜੀਆਂ ਦਹਿਲੀਜ਼ਾਂ ਵਿਚ ਪੈਰ ਰੱਖਾਂਗਾ, ਉਹ ਘਰ ਵੈਰਾਗ ਦਾ ਅਸਥਾਨ ਬਣ ਜਾਏਗਾ.... ਮੇਰੇ ਦੋਸਤਾਂ ਦੇ ਪੈਰ ਮੇਰੀ ਉਦਾਸੀ ਨੂੰ ਮਿਣ ਮਿਣ ਕੇ ਤੁਰਿਆ ਕਰਨਗੇ..... ਲੋਕਾਂ ਮੈਨੂੰ ਸਲਾਹ ਦਿੱਤੀ ਕਿ ਇਹ ਸਭ ਕੁੱਝ ਦੁਖਦਾਈ ਮੈਂ ਭੁੱਲ ਜਾਵਾਂ।"* (ਰਸੀਦੀ ਟਿਕਟ, ਪੰਨਾ 39)

ਇਸ ਦੁੱਖ ਅਤੇ ਪੀੜਾ ਦੀ ਅਵਸਥਾ ਵਿਚੋਂ ਨਿਕਲਣ ਲਈ ਅੰਮ੍ਰਿਤਾ ਨੂੰ ਇਮਰੋਜ਼ ਦੀ ਦੋਸਤੀ ਦਾ ਸਾਥ ਮਿਲਿਆ ਤੇ ਉਸਨੇ ਦਿੱਲੀ ਦੇ ਇਕ ਪੌਸ਼ ਇਲਾਕੇ ਵਿਚ ਆਪਣੀ ਰਹਾਇਸ਼ ਬਣਾ ਕੇ ਉਸ ਨਾਲ ਆਪਣੀ ਰਹਿੰਦੀ ਜ਼ਿੰਦਗੀ ਤੱਕ ਦਾ ਸਫ਼ਰ ਤੈਹ ਕੀਤਾ। ਇਮਰੋਜ਼ ਅਤੇ ਅੰਮ੍ਰਿਤਾ ਦਾ ਰਿਸ਼ਤਾ ਕਿਸੇ ਰਵਾਇਤੀ ਰਿਸ਼ਤੇ ਦੀ ਗਵਾਹੀ ਨਹੀਂ ਸੀ ਦਿੰਦਾ ਬਲਕਿ ਇਹ ਅੰਮ੍ਰਿਤਾ ਦਾ ਬਹੁਤ ਵੱਡਾ ਸਾਹਸੀ ਕਦਮ ਸੀ ਜੋ ਬਿਨਾਂ ਕਿਸੇ ਰਿਸ਼ਤੇ ਦਾ ਨਾਂ ਦਿੱਤਿਆਂ ਉਹ ਇਮਰੋਜ਼ ਨਾਲ ਰਹਿ ਰਹੀ ਸੀ। ਉਸਨੇ ਸਮਾਜ ਤੇ ਕਿਸੇ ਪਰੰਪਰਾ ਦੀ ਪਰਵਾਹ ਕੀਤੇ ਬਿਨਾਂ ਆਪਣੇ ਦਿਲ ਦੀ ਗੱਲ ਪੁਗਾਈ ਸੀ। ਇਸ ਰਿਸ਼ਤੇ ਦਾ ਸਮਰਥਨ ਉਸਨੂੰ ਸਮਕਾਲੀ ਨਵੇਂ ਲੇਖਕਾਂ ਵਲੋਂ ਹੀ ਮਿਲਿਆ ਕਿਉਂ ਜੋ ਉਹ ਉਸਦੀ ਪੱਤ੍ਰਿਕਾ ਨਾਲ ਜੁੜੇ ਹੋਏ ਸਨ। ਸੋ ਕੋਈ ਵਿਰੋਧ ਦਾ ਸ਼ਬਦ ਨਹੀਂ ਸੀ ਕੁਸਕਿਆ।

ਅੰਮ੍ਰਿਤਾ ਨੇ ਰੋਮਾਂਸ ਨੂੰ ਭਰਪੂਰ ਜੀਵਿਆ ਸੀ ਪਰ ਇਸ ਤੋਂ ਇਲਾਵਾ ਉਸ ਦੀ ਸੋਚ ਵਿਚ ਪ੍ਰਗਤੀਵਾਦੀ ਸੋਚ ਦੀ ਝਲਕ ਵੀ ਦਿਖਾਈ ਦਿੰਦੀ ਹੈ। ਅੰਮ੍ਰਿਤਾ ਨੇ ਆਪਣੇ ਬਚਪਨ ਤੋਂ ਹੀ ਜੋ ਕੁੱਝ ਉਸ ਦੇ ਆਲੇ-ਦੁਆਲੇ ਘਟ ਰਿਹਾ ਹੁੰਦਾ ਸੀ ਜੋ ਉਸ ਦੇ ਦਿਲੋ-ਦਿਮਾਗ ਨੂੰ ਠੀਕ ਨਹੀਂ ਸੀ ਲੱਗਾ ਉਸਦਾ ਵਿਰੋਧ ਕੀਤਾ ਤੇ ਉਸਦੇ ਖਿਲਾਫ਼ ਆਵਾਜ਼ ਉਠਾਈ ਇਸ ਗੱਲ ਦਾ ਉਦਾਹਰਣ ਹੇਠਾਂ ਦਿੱਤਾ ਜਾ ਰਿਹਾ ਹੈ :

*" ਘਰ ਵਿਚ ਤਾਂ ਨਹੀਂ, ਪਰ ਚੌਂਕੇ ਵਿਚ ਨਾਨੀ ਦਾ ਰਾਜ ਹੁੰਦਾ ਸੀ। ਸਭ ਤੋਂ ਲਹਿਲੀ ਬਗਾਵਤ ਮੈਂ ਉਸਦੇ ਰਾਜ ਵਿਚ ਕੀਤੀ ਸੀ। ਵੇਖਦੀ ਸਾਂ ਕਿ ਚੌਂਕੇ ਦੀ ਇਕ ਪਰਛੱਤੀ ਉੱਤੇ ਤਿੰਨ ਗਲਾਸ, ਬਾਕੀ ਭਾਂਡਿਆਂ ਨਾਲੋਂ ਛੇਕੇ ਹੋਏ ਹਮੇਸ਼ਾਂ ਇਕ ਗੁੱਠ ਵਿਚ ਪਏ ਰਹਿੰਦੇ ਸਨ। ਇਹ ਗਲਾਸ ਸਿਰਫ਼ ਉਦੋਂ ਪਰਛੱਤੀ ਤੋਂ ਲਾਹੇ ਜਾਂਦੇ ਸਨ, ਜਦੋਂ ਪਿਤਾ ਜੀ ਦੇ ਮੁਸਲਮਾਨ ਦੋਸਤ ਆਉਂਦੇ ਸਨ...../* (ਰਸੀਦੀ ਟਿਕਟ, ਪੰਨਾ 12)

ਤੇ ਅੰਮ੍ਰਿਤਾ ਦੀ ਪਹਿਲੀ ਬਗਾਵਤ ਕਾਮਯਾਬ ਹੋ ਗਈ ਸੀ ਤੇ ਉਸਨੇ ਫੇਰ ਕੋਈ ਭਾਂਡਾ ਹਿੰਦੂ ਤੇ ਮੁਸਲਮਾਨ ਨਹੀਂ ਰਹਿਣ ਦਿੱਤਾ।

ਅੰਮ੍ਰਿਤਾ ਬਹੁਤ ਹੀ ਸੰਵੇਦਨਸ਼ੀਲ ਲੇਖਿਕਾ ਸੀ ਉਹ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਤੋਂ ਬਹੁਤ ਪ੍ਰਭਾਵਿਤ ਹੁੰਦੀ ਸੀ। ਇਹੋ ਕਾਰਨ ਸੀ ਕਿ ਜਦ 1947 ਦੀ ਵੰਡ ਹੋਈ ਤਾਂ ਉਹ ਖੂਨੀ ਕਾਂਡ ਦੇਖ ਉਸ ਦਰਦ ਵਿਚ ਜਿਸ ਕਵਿਤਾ ਦੇ ਬੋਲ ਜਨਮੇ, ਉਹ ਹਿੰਦੁਸਤਾਨ ਅਤੇ ਪਾਕਿਸਤਾਨ ਦੋਵੇਂ ਮੁਲਕਾਂ ਦੇ ਲੋਕਾਂ ਦੇ ਦਰਦ ਨੂੰ ਬਿਆਨ ਕਰਦੀ ਹੈ, ਉਸ ਕਵਿਤਾ ਦੇ ਬੋਲ ਹਨ :

*ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ*

*ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ*

*ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ .....* ।

ਤੇ ਫਿਰ 1984 ਦੇ ਸਿੱਖ ਕਤਲੇਆਮ ਦੀ ਵਾਰਦਾਤ ਬਾਰੇ ਦੁਖੀ ਹਿਰਦੇ ਨਾਲ ਉਸਨੇ ਲਿਖਿਆ ਸੀ :

*" ਮਾਏ ਨੀ ਮੇਰ ਖ਼ਿਜਰ ਗੁਆਚਾ.*

*ਸੱਭੇ ਥਾਨ ਮੈਂ ਸੁੰਨੇ ਡਿੱਠੇ, ਕਿਤੇ ਨਾ ਦੱਸਾਂ ਪਈਆਂ....*

*ਕਿਹੜੇ ਪੱਤਣਾਂ......।* (ਰਸੀਦੀ ਟਿਕਟ, ਪੰਨਾ 24)

*"ਹਾਲਾਤ 1984 ਦੇ ਵੀ ਸਨ, 1947 ਦੇ ਵੀ, ਜੋ ਮੈਂ ਅੱਖੀਂ ਵੇਖੇ ਸਨ, ਤੇ ਜੋ ਸੁਣੇ ਸਨ ਉਨ੍ਹਾਂ ਨਾਲ ਸਾਰਾ ਇਤਿਹਾਸ ਲਹੂ ਨਾਲ ਭਿੱਜਾ ਹੋਇਆ ਹੈ। ਇਹ ਇਤਿਹਾਸ ਹਰ ਮੁਲਕ ਦਾ ਹੈ।"* (ਰਸੀਦੀ ਟਿਕਟ, ਪੰਨਾ 116)

ਅੰਮ੍ਰਿਤਾ ਰਾਜ ਸਭਾ ਦੀ ਮੈਂਬਰ ਵੀ ਰਹਿ ਚੁੱਕੀ ਸੀ। ਉਸਨੇ ਔਰਤ ਹੋਣ ਦੇ ਨਾਤੇ ਕੁੱਝ ਕੁ ਆਵਾਜ਼ਾਂ ਸੰਸਦ ਵਿਚ ਵੀ ਚੁੱਕੀਆਂ, ਜੋ ਔਰਤਾਂ ਦੇ ਮੌਲਿਕ ਅਧਿਕਾਰਾਂ ਨੂੰ ਮੰਗਦੀਆਂ ਸਨ। ਇਸ ਦਾ ਉਦਾਹਰਣ ਜਦੋ ਉਹ 1988 ਵਿਚ ਆਸਾਮ ਗਈ ਕਿਸੇ ਲੇਖਿਕਾ ਸੰਮੇਲਨ ਲਈ ਤਾਂ ਉਥੇ ਦੇ ਇਕ ਵੈਸ਼ਨਵ ਮੱਠ ਵਿਚ ਔਰਤਾਂ ਦਾ ਦਾਖਲਾ ਮਨ੍ਹਾਂ ਸੀ। ਔਰਤਾਂ ਕੇਵਲ ਪਰਿਕਰਮਾਂ ਵਿਚ ਹੀ ਬੈਠ ਸਕਦੀਆਂ ਸਨ, ਅੰਦਰ ਕ੍ਰਿਸ਼ਨ ਜੀ ਦੇ ਦਰਸ਼ਨ ਨਹੀਂ ਸੀ ਕਰ ਸਕਦੀਆਂ । ਇਸੇ ਤਰ੍ਹਾਂ ਉਸਨੇ ਪੱਛੜੀਆਂ ਜਾਤੀਆਂ ਦੇ ਲੋਕਾਂ ਨੂੰ ਤਾਲੀਮ ਦੇ ਕੇ ਮੇਨ ਸਟਰੀਮ ਵਿਚ ਲਿਆਉਣ ਦੀ ਵੀ ਗੱਲ ਕਹੀ ਸੀ। ਇਸੇ ਤਰ੍ਹਾਂ ਅੰਮ੍ਰਿਤਾ ਓਸ਼ੋ ਦੇ ਇਤਿਹਾਸ ਅਤੇ ਪੁਰਾਣ ਬਾਰੇ ਦਿੱਤੇ ਪ੍ਰਵਚਨ ਤੋਂ ਬਹੁਤ ਪ੍ਰਭਾਵਿਤ ਹੋਈ ਸੀ, ਓਸ਼ੋ ਅਨੁਸਾਰ :

*"ਜੇ ਤੁਸੀਂ ਇਤਿਹਾਸ ਵਿਚ ਰਹਿਣਾ ਹੈ ਤਾਂ ਆਪਣੀ ਆਤਮਾ ਗੁਆਣੀ ਪਵੇਗੀ ਕਿਉਂਕਿ ਆਤਮਾ ਦੀ ਕੋਈ ਪੁੱਛ ਇਤਿਹਾਸ ਵਿਚ ਨਹੀਂ ਹੁੰਦੀ, ਇਸੇ ਲਈ ਪੂਰਬ ਦਾ ਕੋਈ ਇਤਿਹਾਸ ਨਹੀਂ..... ਕਿਉਂ ਕਿ ਇਤਿਹਾਸ ਘਟਨਾਵਾਂ ਦਾ ਫਿਕਰ ਕਰਦਾ ਹੈ। ਅਸਾਂ ਉਹਦਾ ਫਿਕਰ ਕੀਤਾ ਜੋ ਅੰਦਰ ਹੈ। ਜੋ ਘਟਨਾ ਨਹੀਂ ਹੋਂਦ ਹੈ...... ਇਸ ਲਈ ਅਸੀਂ ਪੁਰਾਣ ਰਚਿਆ, ਪੁਰਾਣ ਦਾ ਅਰਥ ਹੈ – ਸਾਰ ਸੁਗੰਧ..... ਇਤਿਹਾਸ ਗ਼ੈਰ-ਜਰੂਰੀ ਵਿਸਥਾਰ ਹੈ। ਪੁਰਾਣ ਆਤਮਾ ਹੈ ਸਾਰ-ਤੱਤ ਹੈ.....।"* (ਰਸੀਦੀ ਟਿਕਟ, ਪੰਨਾ 127-128)

ਇਸੇ ਵਿਚਾਰਾਂ ਦੇ ਪ੍ਰਭਾਵ ਅਧੀਨ ਉਹ ਆਪਣੀ ਸਵੈ-ਜੀਵਨੀ ਦਾ ਕਾਇਆ-ਕਲਪ ਕਰਦੀ ਹੈ ਤੇ ਕਹਿੰਦੀ ਹੈ :

*" ਮੇਰੇ ਚਾਰੋਂ ਤਰਫ਼ ਝੂਠ ਫੈਲਾ ਹੁਆ ਹੈ। ਮੂੰਹੋਂ ਬੋਲਦਾ ਵਾਕਿਆ ਹੈ ਕਿ ਮੇਰੇ ਅੰਦਰ ਕਿਹੋ ਜਿਹਾ ਦਰਦ ਲੱਥਾ ਹੋਇਆ ਹੈ , ਹਰ ਝੂਠ ਦੇ ਹਾਦਸੇ ਵਿਚੋਂ ਲੰਘਣ ਦਾ, ਕਿ ਸੁਪਨੇ ਵਿਚ ਵੀ ਉਸੇ ਦੀ ਗੱਲ ਮੁਹੋਂ ਨਿਕਲੀ.... ਗੱਲ ਤੱਤ-ਸਾਰ ਦੀ ਹੈ। ਉਹ ਦੁੱਖਾਂ ਦਾ ਤੱਤ ਸਾਰ ਹੋਵੇ ਜਾਂ ਅੰਤਰ ਚੇਤਨਾ ਦਾ।"* (ਰਸੀਦੀ ਟਿਕਟ, ਪੰਨਾ 129)

ਅੰਤ ਵਿਚ ਇਹੋ ਕਿਹਾ ਜਾ ਸਕਦਾ ਹੈ ਕਿ ਅੰਮ੍ਰਿਤਾ ਨੇ ਸਮਾਜ ਦੀ ਵਿਰੋਧਤਾ ਨੂੰ ਆਪਣੀ ਸਵੈ-ਜੀਵਨੀ ਦਾ ਅੰਸ਼ ਨਹੀਂ ਬਣਾਇਆ। ਇਹ ਆਪਣੇ ਆਪ ਨੂੰ ਸਵੈ-ਨਿਰਭਰ ਕਰਦੀ ਹੈ। ਉਸਦਾ ਆਰਥਿਕ ਤੌਰ 'ਤੇ ਸਵੈ-ਨਿਰਭਰ ਹੋਣਾ ਵੀ ਉਸਨੂੰ ਉਸ

ਵਕਤ ਦੇ ਸਮਾਜਿਕ ਵਿਰੋਧਾਂ ਤੇ ਰੋਸਾਂ ਤੋਂ ਬਚਾਉਂਦਾ ਹੈ। ਇਕ ਔਰਤ ਹੋਣ ਦੇ ਬਾਵਜੂਦ ਵੀ ਅੰਮ੍ਰਿਤਾ ਪ੍ਰੀਤਮ ਜ਼ਿੰਦਗੀ ਨੂੰ ਖੁੱਲ੍ਹ ਕੇ ਜਿਉਂਦੀ ਹੈ। ਉਹ ਸਮਾਜ ਦੀਆਂ ਪੁਰਾਣੀਆਂ ਹੋ ਗਈਆਂ ਸੋਚਾਂ ਨੂੰ ਇਕ ਪਾਸੇ ਰੱਖ ਰਿਸ਼ਤਿਆਂ ਦੀ ਖੁੱਲ੍ਹ ਤੇ ਆਪਣੀ ਜ਼ਿੰਦਗੀ ਨੂੰ ਆਪਣੀ ਸੋਚ ਮੁਤਾਬਿਕ ਜਿਉਣ ਦੀ ਸਮਰੱਥਾ ਦਿਖਾਉਂਦੀ ਹੈ। ਉਸਨੇ ਬਚਪਨ ਵਿਚ ਆਪਣੇ ਸੁਪਨਿਆਂ ਵਿਚ ਆਜ਼ਾਦੀ ਦਾ ਸੁਪਨਾ ਲਿਆ ਸੀ ਜਿਸਨੂੰ ਉਹ ਹਕੀਕਤ ਦਾ ਜਾਮਾ ਪਹਿਨਾਉਂਦੀ ਹੈ।